# Judicial Council of California “Preparing for Your Remote Court Proceeding on Zoom” Video Transcript — Punjabi

**(Voice over)**

Zoom ਇੱਕ ਤਕਨੀਕੀ ਪ੍ਰੋਗਰਾਮ ਹੈ ਜੋ ਕਿ ਲੋਕਾਂ ਨੂੰ ਵੀਡੀਓ ਦੁਆਰਾ ਕਿਸੇ ਵੀ ਸਥਾਨ ਤੋਂ ਇੱਕ ਹੀ ਮੀਟਿੰਗ ਨਾਲ ਜੁੜਣ ਦਿੰਦਾ ਹੈ। ਅਦਾਲਤੀ ਕਾਰਵਾਈ ਕਰਨ ਲਈ ਤੁਹਾਡੀ ਕੋਰਟ Zoom ਦਾ ਉਪਯੋਗ ਕਰ ਸਕਦੀ ਹੈ। ਇਹ ਵੀਡੀਓ ਤੁਹਾਨੂੰ ਦੱਸੇਗਾ ਕਿ Zoom ’ਤੇ ਆਪਣੀ ਦੂਰ-ਦੁਰਾਡੇ ਦੀ ਕੋਰਟ ਦੀ ਕਾਰਵਾਈ ਦੀ ਤਿਆਰੀ ਲਈ ਤੁਹਾਨੂੰ ਕੀ ਕਰਨਾ ਚਾਹੀਦਾ ਹੈ।

ਆਪਣੀ ਡਿਵਾਈਸ ਚੁਣੋ

ਪਹਿਲੀ ਚੀਜ਼ ਜੋ ਤੁਹਾਨੂੰ ਕਰਨ ਦੀ ਲੋੜ ਹੋਵੇਗੀ, ਉਹ ਉਸ ਡਿਵਾਈਸ ਦੀ ਚੋਣ ਕਰਨਾ ਹੈ ਜਿਸ ਨੂੰ ਕਿ ਤੁਸੀਂ ਆਪਣੀ ਦੂਰ-ਦੁਰਾਡੇ ਦੀ ਕੋਰਟ ਦੀ ਕਾਰਵਾਈ ਲਈ ਉਪਯੋਗ ਕਰਨਾ ਚਾਹੁੰਦੇ ਹੋ। ਦੂਰ-ਦੁਹਾਡੇ ਤੋਂ ਕਾਰਵਾਈ ਵਿੱਚ ਸ਼ਾਮਲ ਹੋਣ ਲਈ, ਤੁਹਾਨੂੰ ਵੀਡੀਓ ਅਤੇ ਆਡੀਓ ਲਈ ਇੱਕ ਉਪਕਰਨ ਦੀ ਲੋੜ ਪਵੇਗੀ। ਇਹ ਇੱਕ ਕੰਪਿਊਟਰ (ਜਿਵੇਂਕਿ ਲੈਪਟਾਪ), ਟੈਬਲੈਟ ਜਾਂ ਸਮਾਰਟਫੋਨ ਹੋ ਸਕਦਾ ਹੈ। ਡਿਵਾਈਸ ਵਿੱਚ ਇੱਕ ਕੈਮਰਾ (ਤਾਂ ਜੋ ਕਿ ਹੋਰ ਲੋਕ ਤੁਹਾਨੂੰ ਦੇਖ ਸਕਣ) ਅਤੇ ਇੱਕ ਮਾਈਕ੍ਰੋਫੋਨ (ਤਾਂ ਜੋ ਕਿ ਹੋਰ ਲੋਕ ਤੁਹਾਨੂੰ ਸੁਣ ਸਕਣ) ਹੋਣਾ ਚਾਹੀਦਾ ਹੈ। ਇਸ ਕੋਲ ਵਾਇਰਡ ਕੁਨੈਕਸ਼ਨ, ਵਾਈ-ਫਾਈ ਜਾਂ ਫਿਰ ਸੈਲੂਲਰ ਡੈਟਾ ਦੁਆਰਾ ਇੰਟਰਨੈਟ ਤੱਕ ਪਹੁੰਚ ਹੋਣੀ ਚਾਹੀਦੀ ਹੈ।

ਜੇਕਰ ਤੁਹਾਡੇ ਕੋਲ ਇਹਨਾਂ ਵਿੱਚੋਂ ਕਿਸੇ ਇੱਕ ਡਿਵਾਈਸ ਤੱਕ ਪਹੁੰਚ ਨਹੀਂ ਹੈ, ਤਾਂ ਤੁਸੀਂ ਲੈਂਡਲਾਈਨ ਜਾਂ ਮੋਬਾਈਲ ਦਾ ਉਪਯੋਗ ਕਰ ਕੇ Zoom ’ਤੇ ਇੱਕ ਦੂਰ-ਦੁਰਾਡੇ ਸਥਿਤ ਕੋਰਟ ਦੀ ਕਾਰਵਾਈ ਵਿੱਚ ਡਾਇਲ ਕਰਨ ਦੇ ਸਮਰੱਥ ਹੋ ਸਕਦੇ ਹੋ। ਜੇਕਰ ਤੁਹਾਨੂੰ ਇਸ ਵਿਕਲਪ ਦੀ ਲੋੜ ਹੈ, ਤਾਂ ਕੋਰਟ ਨੂੰ ਸੂਚਿਤ ਕਰੋ, ਖਾਸ ਤੌਰ ’ਤੇ ਜੇਕਰ ਤੁਹਾਨੂੰ ਵਿਆਖਿਆ ਦੀ ਲੋੜ ਹੈ।

Zoom ਡਾਊਨਲੋਡ ਕਰੋ

ਅਗਲਾ ਕਦਮ ਆਪਣੀ ਡਿਵਾਈਸ ’ਤੇ Zoom ਐਪਲੀਕੇਸ਼ਨ ਡਾਊਨਲੋਡ ਕਰਨਾ ਹੈ। ਇਹ ਕਦਮ ਵਿਕਲਪਿਕ ਹੈ ਪਰ ਇਸ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਤੁਸੀਂ ਐਪਲੀਕੇਸ਼ਨ ਨੂੰ ਡਾਊਨਲੋਡ ਅਤੇ ਇੰਸਟਾਲ ਕੀਤੇ ਬਗੈਰ ਇੱਕ ਬ੍ਰਾਊਜ਼ਰ ਦੇ ਮਾਧਿਅਮ ਨਾਲ Zoom ਵਿੱਚ ਸ਼ਾਮਲ ਹੋ ਸਕਦੇ ਹੋ, ਪਰ Zoom ਨੂੰ ਡਾਊਨਲੋਡ ਅਤੇ ਇੰਸਟਾਲ ਕਰਨ ਨਾਲ ਤੁਸੀਂ ਇਸ ਦੀਆਂ ਵਧੇਰੇ ਸਹੂਲਤਾਂ ਦਾ ਉਪਯੋਗ ਕਰ ਸਕੋਂਗੇ।

Zoom Client for Meetings ਦਾ ਨਵੀਨਤਮ ਸੰਸਕਰਨ ਹਾਸਲ ਕਰਨ ਲਈ ਕੰਪਿਊਟਰ ’ਤੇ https://zoom.us/download 'ਤੇ ਜਾਓ। ਆਪਣੇ ਟੈਬਲੈਟ ਜਾਂ ਸਮਾਰਟਫੋਨ ’ਤੇ, App Store ਜਾਂ ਫਿਰ Google Play ’ਤੇ ਜਾਓ ਅਤੇ Zoom Cloud Meetings ਇੰਸਟਾਲ ਕਰੋ।

ਤੁਹਾਡੀ ਡਿਵਾਈਸ ’ਤੇ Zoom ਡਾਊਨਲੋਡ ਕਰਨ ਦੀ ਕੋਈ ਕੀਮਤ ਨਹੀਂ ਹੈ।

ਆਪਣੇ ਕੈਮਰੇ ਅਤੇ ਮਾਈਕ੍ਰੋਫ਼ੋਨ ਦੀ ਜਾਂਚ ਕਰੋ

ਤੁਸੀਂ Zoom ਐਪਲੀਕੇਸ਼ਨ ਡਾਊਨਲੋਡ ਕਰੋ ਜਾਂ ਨਹੀਂ, ਅੱਗੇ ਵੱਧਣ ਤੋਂ ਪਹਿਲਾਂ ਤੁਹਾਨੂੰ ਆਪਣੇ ਕੈਮਰੇ ਅਤੇ ਮਾਈਕ੍ਰੋਫੋਨ ਦਾ ਟੈਸਟ ਕਰਨਾ ਚਾਹੀਦਾ ਹੈ। ਅਜਿਹਾ ਕਰਨ ਦਾ ਇੱਕ ਤਰੀਕਾ https://zoom.us/test ’ਤੇ ਇੱਕ ਟੈਸਟ ਮੀਟਿੰਗ ਵਿੱਚ ਸ਼ਾਮਲ ਹੋਣਾ ਹੈ। Zoom ਟੈਸਟ ਮੀਟਿੰਗ ਸਿਰਫ ਇੱਕ ਟੈਸਟ ਹੈ ਅਤੇ ਮੀਟਿੰਗ ਵਿੱਚ ਕੋਈ ਹੋਰ ਨਹੀਂ ਹੋਵੇਗਾ।

ਟੈਸਟ ਮੀਟਿੰਗ ਵਿੱਚ ਸ਼ਾਮਲ ਹੁੰਦੇ ਸਮੇਂ, Zoom ਨੂੰ ਤੁਹਾਡੇ ਕੈਮਰੇ ਅਤੇ ਮਾਈਕ੍ਰੋਫੋਨ ਤੱਕ ਪਹੁੰਚਣ ਦੀ ਅਨੁਮਤੀ ਦੇਣ ਲਈ ਨਿਰਦੇਸ਼ਾਂ ਦੀ ਪਾਲਣਾ ਕਰਨਾ ਸੁਨਿਸ਼ਚਿਤ ਕਰੋ। ਕੰਪਿਊਟਰ ’ਤੇ ਤੁਹਾਨੂੰ “) Join with Videoਵੀਡੀਓ ਨਾਲ ਸ਼ਾਮਲ ਹੋਵੋ(” ਦੀ ਚੋਣ ਕਰਨੀ ਪੈ ਸਕਦੀ ਹੈ। ਤੁਹਾਨੂੰ ਖੁਦ ਨੂੰ ਸਕ੍ਰੀਨ ’ਤੇ ਦਿਖਣਾ ਚਾਹੀਦਾ ਹੈ। ਇਹ ਤੁਹਾਨੂੰ ਦੱਸਦਾ ਹੈ ਕਿ ਤੁਹਾਡਾ ਕੈਮਰਾ ਕੰਮ ਕਰ ਰਿਹਾ ਹੈ।

ਜੇਕਰ ਤੁਸੀਂ ਪਹਿਲੀ ਵਾਰ ਆਪਣੀ ਡਿਵਾਈਸ ’ਤੇ Zoom ਦਾ ਉਪਯੋਗ ਕਰ ਰਹੇ ਹੋ, ਤਾਂ Zoom ਸਵੈਚਾਲਿਤ ਰੂਪ ਵਿੱਚ ਇਹ ਪੁਸ਼ਟੀ ਕਰਨ ਲਈ ਇੱਕ ਟੈਸਟ ਕਰ ਸਕਦਾ ਹੈ ਕਿ ਤੁਹਾਡੀ ਆਵਾਜ਼ ਕੰਮ ਕਰ ਰਹੀ ਹੈ। ਤੁਸੀਂ ਸਕ੍ਰੀਨ ਦੇ ਹੇਠਾਂ ਟੂਲਬਾਰ ’ਤੇ ਮਾਈਕ੍ਰੋਫੋਨ ਆਈਕਨ ਦੀ ਬਗਲ ਵਿੱਚ ਛੋਟਾ “up arrow (ਉੱਪਰ ਵੱਲ ਤੀਰ)” ਆਈਕਨ ਵੀ ਚੁਣ ਸਕਦੇ ਹੋ। ਦਿਖਾਈ ਦੇਣ ਵਾਲੇ ਮੀਨੂੰ ’ਤੇ, “Test Speaker &
Microphone (ਸਪੀਕਰ ਅਤੇ ਮਾਈਕ੍ਰੋਫੋਨ ਟੈਸਟ ਕਰੋ” ਚੁਣੋ। ਤੁਹਾਨੂੰ ਆਵਾਜ਼ਾਂ ਸੁਣਾਈ ਦੇਣਗੀਆਂ ਅਤੇ ਇਹ ਤਸਦੀਕ ਕਰਨ ਲਈ ਕੁਝ ਕਹਿਣ ਲਈ ਕਿਹਾ ਜਾਵੇਗਾ ਕਿ ਤੁਸੀਂ ਸੁਣ ਸਕਦੇ ਹੋ ਅਤੇ ਤੁਹਾਨੂੰ ਸੁਣਿਆ ਜਾ ਸਕਦਾ ਹੈ।

ਮਾਈਕ੍ਰੋਫੋਨ ਆਈਕਨ ਦੇ ਅੱਗੇ, ਤੁਹਾਨੂੰ ਇੱਕ ਕੈਮਰਾ ਆਈਕਨ ਦਿਖਾਈ ਦੇਵੇਗਾ। ਜਦੋਂ ਕਿਸੇ ਵੀ ਆਈਕਨ ਦੇ ਮਾਧਿਅਮ ਨਾਲ ਲਾਲ ਸਲੈਸ਼ ਹੁੰਦਾ ਹੈ, ਤਾਂ ਇਸ ਦਾ ਮਤਲਬ ਹੈ ਕਿ ਉਹ ਬੰਦ ਹਨ। ਜੇਕਰ ਉਹਨਾਂ ਦੇ ਮਾਧਿਅਮ ਨਾਲ ਕੋਈ ਲਾਲ ਸਲੈਸ਼ ਨਹੀਂ ਹੈ, ਤਾਂ ਉਹ ਚਾਲੂ ਹਨ। ਆਪਣੀ ਅਦਾਲਤੀ ਕਾਰਵਾਈ ਲਈ, ਇਹ ਸੁਨਿਸ਼ਚਿਤ ਕਰੋ ਕਿ ਤੁਹਾਡਾ ਕੈਮਰਾ ਚਾਲੂ ਹੈ ਅਤੇ ਤੁਹਾਡਾ ਮਾਈਕ੍ਰੋਫੋਨ ਉਦੋਂ ਤੱਕ ਬੰਦ (ਜਾਂ ਮੌਨ) ਹੈ, ਜਦੋਂ ਤੱਕ ਕਿ ਤੁਹਾਡੇ ਬੋਲਣ ਦੀ ਵਾਰੀ ਨਾ ਹੋਵੇ। ਇਹਨਾਂ ਆਈਕਨਾਂ ਨੂੰ ਚੁਣ ਕੇ ਜਾਂ ਟੈਪ ਕਰ ਕੇ ਆਪਣੇ ਮਾਈਕ੍ਰੋਫੋਨ ਅਤੇ ਕੈਮਰੇ ਨੂੰ ਬੰਦ ਅਤੇ ਚਾਲੂ ਕਰਨ ਦਾ ਅਭਿਆਸ ਕਰੋ।

ਇੱਕ ਸ਼ਾਂਤ ਸਥਾਨ ਚੁਣੋ

ਤੁਹਾਨੂੰ ਕਿਸੇ ਸ਼ਾਂਤ ਸਥਾਨ ਤੋਂ ਆਪਣੇ ਦੂਰ-ਦੁਰਾਡੇ ਦੀ ਅਦਾਲਤੀ ਕਾਰਵਾਈ ਵਿੱਚ ਸ਼ਾਮਲ ਹੋਣ ਦੀ ਯੋਜਨਾ ਬਨਾਉਣੀ ਚਾਹੀਦੀ ਹੈ। ਅਜਿਹੀ ਜਗਾ ਚੁਣੋ ਜਿੱਥੇ ਕਿ ਤੁਸੀਂ ਬਗੈਰ ਕਿਸੇ ਰੁਕਾਵਟ ਦੇ ਅਤੇ ਕੰਮ ਜਾਂ ਡ੍ਰਾਈਵ ਵਰਗੇ ਹੋਰਨਾਂ ਕੰਮਾਂ ਨੂੰ ਕੀਤੇ ਬਗੈਰ ਕੁਝ ਘੰਟਿਆਂ ਤੱਕ ਉੱਥੇ ਰਹਿ ਸਕੋ। ਇਸ ਦੀ ਬਹੁਤ ਜ਼ਿਆਦਾ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਘਰ ਦਾ ਇੱਕ ਸ਼ਾਂਤ ਖੇਤਰ ਜਾਂ ਇੱਕ ਨਿੱਜੀ ਸਥਾਨ ਚੁਣੋ। ਕੋਰਟ ਦੇ ਕੈਲੰਡਰ ਦੇ ਆਧਾਰ ’ਤੇ, ਤੁਹਾਨੂੰ ਆਪਣੇ ਮਾਮਲੇ ਨੂੰ ਬੁਲਾਏ ਜਾਣ ਲਈ ਕੁਝ ਸਮੇਂ ਤੱਕ ਇੰਤਜ਼ਾਰ ਕਰਨਾ ਪੈ ਸਕਦਾ ਹੈ। ਯਾਦ ਰੱਖੋ ਕਿ ਕਾਰਵਾਈ ਦੇ ਦੌਰਾਨ ਤੁਸੀਂ ਕੈਮਰੇ ਦੇ ਸਾਹਮਣੇ ਹੋਵੋਗੇ, ਇਸ ਲਈ ਇਹ ਸੁਨਿਸ਼ਚਿਤ ਕਰੋ ਕਿ ਤੁਹਾਡੇ ਦੁਆਰਾ ਚੁਣੇ ਗਏ ਸਥਾਨ ਦੀ ਬੈਕਗਰਾਊਂਡ ਕੋਰਟ ਲਈ ਉੱਚਿਤ ਹੋਵੇ।

ਆਪਣੇ ਇੰਟਰਨੈੱਟ ਕਨੈਕਸ਼ਨ ਜਾਂ ਫ਼ੋਨ ਸਿਗਨਲ ਦੀ ਜਾਂਚ ਕਰੋ

ਆਪਣੇ ਦੂਰ-ਦੁਰਾਡੇ ਦੀ ਅਦਾਲਤੀ ਕਾਰਵਾਈ ਲਈ ਜ਼ੂਮ ਦਾ ਉਪਯੋਗ ਕਰਨ ਲਈ ਤੁਹਾਨੂੰ ਇੱਕ ਮਜ਼ਬੂਤ ਇੰਟਰਨੈਟ ਕੁਨੈਕਸ਼ਨ ਦੀ ਲੋੜ ਪਵੇਗੀ। ਇਹ ਜਾਂਚ ਕਰੋ ਕਿ ਤੁਸੀਂ ਆਪਣੇ ਚੁਣੇ ਹੋਏ ਸਥਾਨ ਵਿੱਚ ਇੰਟਰਨੈਟ ਨਾਲ ਕੁਨੈਕਟ ਕਰ ਸਕਦੇ ਹੋ। ਜੇਕਰ ਤੁਸੀਂ ਸੈਲੂਲਰ ਡੈਟਾ ਦਾ ਉਪਯੋਗ ਕਰਦੇ ਹੋਏ ਕੁਨੈਕਟ ਕਰ ਰਹੇ ਹੋ, ਤਾਂ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਕਿਸੇ ਅਜਿਹੇ ਖੇਤਰ ਵਿੱਚ ਹੋ, ਜਿੱਥੇ ਤੁਹਾਡੇ ਕੋਲ ਆਡੀਓ ਅਤੇ ਵੀਡੀਓ ਦੇ ਨਾਲ ਸਮੱਸਿਆਵਾਂ ਦੇ ਬਗੈਰ ਮੀਟਿੰਗ ਨਾਲ ਕੁਨੈਕਟ ਕਰਨ ਲਈ ਉਚਿਤ ਸਿਗਨਲ ਹੋਵੇਗਾ। ਨਾਲ ਹੀ, ਅਦਾਲਤੀ ਕਾਰਵਾਈ ਦੇ ਸਮੇਂ ਇੰਟਰਨੈਟ ਦਾ ਉਪਯੋਗ ਕਰਨ ਵਾਲੇ ਹੋਰਨਾਂ ਉਪਕਰਨਾਂ ਅਤੇ ਐਪਲੀਕੇਸ਼ਨਾਂ ਨੂੰ ਬੰਦ ਕਰਨਾ ਸੁਨਿਸ਼ਚਿਤ ਕਰੋ।

ਢੁਕਵੇਂ ਕੱਪੜੇ ਪਾਉਣ ਦੀ ਯੋਜਨਾ ਬਣਾਓ

ਭਾਵੇਂ ਤੁਸੀਂ ਨਿੱਜੀ ਰੂਪ ਵਿੱਚ ਕੋਰਟ ਨਹੀਂ ਜਾ ਰਹੇ ਹੋ, ਫਿਰ ਵੀ ਤੁਹਾਨੂੰ ਉਚਿਤ ਰੂਪ ਵਿੱਚ ਕੱਪੜੇ ਪਾਉਣੇ ਚਾਹੀਦੇ ਹਨ। ਤੁਹਾਨੂੰ ਸੂਟ ਪਾਉਣ ਦੀ ਲੋੜ ਨਹੀਂ ਹੈ, ਪਰ ਇਸ ਤਰਾਂ ਦੇ ਕੱਪੜੇ ਪਾਉਣੇ ਚਾਹੀਦੇ ਹਨ ਜੋ ਕਿ ਕੋਰਟ ਲਈ ਸਨਮਾਨ ਦਿਖਾਉਂਦੇ ਹੋਣ। ਕਿਸੇ ਅਜਿਹੇ ਪਹਿਰਾਵੇ ਦੀ ਚੋਣ ਕਰੋ ਜੋ ਕਿ ਤੁਸੀਂ ਇੱਕ ਪੇਸ਼ੇਵਰ ਦਫਤਰ ਜਾਂ ਬਿਜਨੈੱਸ ਸੈਟਿੰਗ ਵਿੱਚ ਪਹਿਨ ਸਕਦੇ ਹੋਵੋ।

ਆਪਣੀ ਸਮੱਗਰੀ ਤਿਆਰ ਰੱਖੋ

ਇਹ ਸੁਨਿਸ਼ਚਿਤ ਕਰੋ ਕਿ ਤੁਹਾਡੇ ਕੋਲ Zoom ਮੀਟਿੰਗ ਲਿੰਕ ਜਾਂ ਮੀਟਿੰਗ ID ਅਤੇ ਪਾਸਕੋਡ ਸਮੇਤ ਅਪੁਆਇੰਟਮੈਂਟ ਲਈ ਜ਼ਰੂਰੀ ਸਾਰੇ ਦਸਤਾਵੇਜ਼ ਹਨ। ਨੋਟਸ ਲੈਣ ਲਈ ਇੱਕ ਕਾਗਜ਼ ਅਤੇ ਪੈਨ ਜਾਂ ਪੈਨਸਿਲ ਉਪਲੱਬਧ ਰੱਖੋ।ਆਪਣੀ ਡਿਵਾਈਸ ਨੂੰ ਚਾਰਜ ਕਰੋ ਅਤੇ ਨੇੜ ਇੱਕ ਪਾਵਰ ਕੇਬਲ ਰੱਖੋ। ਜੇਕਰ ਤੁਹਾਨੂੰ ਆਪਣੀ ਅਦਾਲਤੀ ਕਾਰਵਾਈ ਦੇ ਹਿੱਸੇ ਦੇ ਰੂਪ ਵਿੱਚ ਕੋਈ

ਦਸਤਾਵੇਜ਼ ਦਿਖਾਉਣ ਦੀ ਲੋੜ ਹੈ, ਤਾਂ ਅਜਿਹਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਜਾਣਨ ਲਈ ਕੋਰਟ ਨਾਲ ਸੰਪਰਕ ਕਰੋ। ਕੋਰਟ ਇਹ ਚਾਹ ਸਕਦੀ ਹੈ ਕਿ ਤੁਸੀਂ ਕਾਰਵਾਈ ਤੋਂ ਪਹਿਲਾਂ ਇਹਨਾਂ ਨੂੰ ਈ-ਮੇਲ ਰਾਹੀਂ ਭੇਜੋ।

ਸਾਨੂੰ ਉਮੀਦ ਹੈ ਕਿ ਇਸ ਵੀਡੀਓ ਨੇ ਤੁਹਾਨੂੰ Zoom ’ਤੇ ਆਪਣੀ ਦੂਰ-ਦੁਰਾਡੇ ਦੀ ਅਦਾਲਤੀ ਕਾਰਵਾਈ ਵਿੱਚ ਭਾਗ ਲੈਣ ਲਈ ਤਿਆਰ ਹੋਣ ਵਿੱਚ ਸਹਾਇਤਾ ਕੀਤੀ ਹੈ। ਤੁਸੀਂ “How to Attend Your Remote Court Proceeding on Zoom (Zoom ’ਤੇ ਆਪਣੇ ਦੂਰ-ਦੁਰਾਡੇ ਦੀ ਅਦਾਲਤੀ ਕਾਰਵਾਈ ਕਿਵੇਂ ਕਰੀਏ)” ਵੀ ਦੇਖਣਾ ਚਾਹ ਸਕਦੇ ਹੋ ਅਤੇ ਨਾਲ ਹੀ ਸਾਧਨਾਂ ਦੀ ਸਮੀਖਿਆ ਵੀ ਕਰ ਸਕਦੇ ਹੋ। ਸੰਪਰਕ ਜਾਣਕਾਰੀ ਲਈ, ਆਪਣੀ ਸਥਾਨਕ ਕੋਰਟ ਦੀ ਵੈਬਸਾਈਟ ਤੋਂ ਜਾਂਚ ਕਰੋ। ਕੋਰਟ ਦੀ ਵੈੱਬਸਾਈਟ ਵਿੱਚ ਵੀਡੀਓ ਜਾਂ ਫੋਨ ਦੇ ਮਾਧਿਅਮ ਨਾਲ ਪੇਸ਼ ਹੋਣ ਲਈ ਸਿੱਧੇ ਲਿੰਕ ਵੀ ਸ਼ਾਮਲ ਹੋ ਸਕਦੇ ਹਨ।

ਤੁਹਾਡਾ ਧੰਨਵਾਦ!